ਹਰੀਕੇ ਨਹਿਰ ਮੰਡਲ, ਜਲ ਸਰੋਤ ਵਿਭਾਗ, ਫਿਰੋਜ਼ਪੁਰ (ਪੰਜਾਬ)
**Office of Harike Canal Division, WRD, Ferozepur (Punjab)**
**E-Mail ID : harikecanalfzr@gmail.com**

ਨੰਬਰ 3278-91 /

ਮਿਤੀ: 03/09/2023

ਸੇਵਾ ਵਿਖੇ,

1. ਉਪ ਮੰਡਲ ਅਫਸਰ,
   ਸਰਹੰਦ ਫੀਡਰ ਉਪ ਮੰਡਲ,
   ਗ:ਕ:ਹ,ਫਿਰੋਜ਼ਪੁਰ।
2. ਉਪ ਮੰਡਲ ਅਫਸਰ,
   ਰਾਜੂਵਾਲਾ ਨਹਿਰ ਉਪ ਮੰਡਲ,
   ਰਾਜੂਵਾਲਾ (ਫਰੀਦਕੋਟ)।
3. ਜਿਲੇਦਾਰ/ਫਿਰੋਜਪੁਰ-1, ਫਿਰੋਜ਼ਪੁਰ-2,
   ਜ਼ੰਡੋਕੇ ਅਤੇ ਕਾਸੂਬੇਗੂ।

ਵਿਸ਼ਾ:- ਰਜਬਾਹਿਆਂ ਅਤੇ ਲਿਫਟ ਪੰਪਾਂ ਦੀ ਰੋਟੇਸ਼ਨ ਮਿਤੀ 04/09/2023 ਤੋਂ 21/09/2023 ਤੱਕ ਚਲਾਉਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਕਾਰਜਕਾਰੀ ਇੰਜੀਨੀਅਰ, ਅਬੋਹਰ ਨਹਿਰ ਅਤੇ ਗਰਾਉਂਡ ਵਾਟਰ ਮੰਡਲ,ਅਬੋਹਰ ਵੱਲੋਂ ਆਪਣੀ ਨਹਿਰੀ ਤਾਰ ਨੰਬਰ 9625 ਮਿਤੀ 03/09/2023 ਰਾਂਹੀ ਇਸ ਦਫਤਰ ਨੂੰ ਸੂਚਿਤ ਕੀਤਾ ਗਿਆ ਹੈ ਕਿ ਉਨ੍ਹਾਂ ਦੁਆਰਾ ਉਨ੍ਹਾਂ ਅਧੀਨ ਆਉਂਦੀਆਂ ਨਹਿਰਾਂ ਦੀ ਵਾਰਾਬੰਦੀ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ ਪਰੰਤੂ ਫਿਰ ਵੀ ਕੁਝ ਨਹਿਰਾਂ ਪ੍ਰਭਾਵਿਤ ਹੋ ਰਹੀਆਂ ਹਨ। ਇਸ ਲਈ ਉਨ੍ਹਾਂ ਵੱਲੋਂ ਵਾਰਾਬੰਦੀ ਦੇ ਪ੍ਰੋਗਰਾਮ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ ਇਸ ਦਫਤਰ ਨੂੰ ਸਰਹੰਦ ਫੀਡਰ ਤੋਂ ਨਿਕਲਦੀਆਂ ਨਹਿਰਾਂ ਦਾ ਵਾਰਾਬੰਦੀ ਪ੍ਰੋਗਰਾਮ ਤਿਆਰ ਕਰਨ ਲਈ ਬੇਨਤੀ ਕੀਤੀ ਗਈ ਹੈ।

ਇਸ ਦਫਤਰ ਅਧੀਨ ਸਰਹੰਦ ਫੀਡਰ ਦੀ ਬੁਰਜੀ 0 ਤੋਂ 184480 ਤੱਕ ਦੀ ਰੀਚ ਹੈ। ਇਸ ਅਨੁਸਾਰ ਇਸ ਤੋਂ ਨਿਕਲਦੇ ਰਜਬਾਹਿਆਂ ਅਤੇ ਲਿਫਟ ਪੰਪਾਂ ਨੂੰ ਰੋਟੇਸ਼ਨ ਵਾਈਜ਼ ਬੰਦ ਰੱਖਣ ਲਈ ਵਾਰਾਬੰਦੀ ਪ੍ਰੋਗਰਾਮ ਹੇਠ ਅਨੁਸਾਰ ਨਿਰਧਾਰਤ ਕੀਤਾ ਜਾਂਦਾ ਹੈ:-

| ਲੜੀ ਨੰ: | ਰਜਬਾਹੇ ਦਾ ਨਾਮ | ਲਿਫਟ ਪੰਪ | ਵਾਰਾਬੰਦੀ ਪ੍ਰੋਗਰਾਮ |
|---|---|---|---|
| 1 | ਕਾਸੂਬੇਗੂ ਰਜਬਾਹਾ (ਡਿਸਚਾਰਜ਼ 153.45 ਕਿਊਸਕ) ਆਫ ਟੇਕਿੰਗ ਆਰ.ਡੀ 68783/ਆਰ ਆਫ ਸਰਹੰਦ ਫੀਡਰ | ਬੁਰਜੀ ਨੰਬਰ 17,100 ਤੋਂ 94,286 (ਕੁੱਲ 30 ਨੰ: ਲਿਫਟ ਪੰਪ) | 04/09/2023 ਤੋਂ 09/09/2023 (ਦੋਨੋਂ ਦਿਨ ਸ਼ਾਮਿਲ) |
| 2 | ਗੋਲੇਵਾਲਾ ਰਜਬਾਹਾ (ਡਿਸਚਾਰਜ਼ 321 ਕਿਊਸਕ) ਆਫ ਟੇਕਿੰਗ ਆਰ.ਡੀ 87057/ਆਰ ਆਫ ਸਰਹੰਦ ਫੀਡਰ | ਬੁਰਜੀ ਨੰਬਰ 94,286 ਤੋਂ 133,123 (ਕੁੱਲ 29 ਨੰ: ਲਿਫਟ ਪੰਪ) | 10/09/2023 ਤੋਂ 15/09/2023 (ਦੋਨੋਂ ਦਿਨ ਸ਼ਾਮਿਲ) |
| 2 | ਮੁੱਦਕੀ ਰਜਬਾਹਾ (ਡਿਸਚਾਰਜ਼ 267 ਕਿਊਸਕ) ਆਫ ਟੇਕਿੰਗ ਆਰ.ਡੀ 102613/ਆਰ ਆਫ ਸਰਹੰਦ ਫੀਡਰ | ਬੁਰਜੀ ਨੰਬਰ 140,066 ਤੋਂ 183,760 (ਕੁੱਲ 30 ਨੰ: ਲਿਫਟ ਪੰਪ) | 16/09/2023 ਤੋਂ 21/09/2023 (ਦੋਨੋਂ ਦਿਨ ਸ਼ਾਮਿਲ) |

D:\DRAWING BRANCH\rishab\Harike canal division\Xen to misc\SDO Letter file\XEN  to SDO Letter.docx

03/9/23

Scanned with CamScanner

ਹਰੀਕੇ ਨਹਿਰ ਮੰਡਲ, ਜਲ ਸਰੋਤ ਵਿਭਾਗ, ਫਿਰੋਜਪੁਰ (ਪੰਜਾਬ)
**Office of Harike Canal Division, WRD, Ferozepur (Punjab)**
**E-Mail ID : harikecanalfzr@gmail.com**

ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉੱਕਤ ਸ਼ਡਿਊਲ ਅਨੁਸਾਰ ਰਜਬਾਹਿਆਂ ਨੂੰ ਹੈਡ ਤੋਂ ਬੰਦ ਕੀਤਾ ਜਾਵੇ ਅਤੇ ਲਿਫਟ ਪੰਪਾਂ ਨੂੰ ਬੰਦ ਕਰਵਾਉਣ ਲਈ ਸੋਸਾਇਟੀਆਂ ਦੇ ਪ੍ਰਧਾਨਾਂ ਨਾਲ ਸਹਿਚਾਰ ਕਰਕੇ ਉਨਾਂ ਨੂੰ ਬੰਦ ਕਰਵਾਇਆ ਜਾਵੇ ਅਤੇ ਸਬੰਧਤ ਜਿਲੇਦਾਰ/ਜੂਨੀਅਰ ਇੰਜੀਨੀਅਰ/ਨਹਿਰੀ ਪਟਵਾਰੀ ਆਪਸੀ ਸਹਿਯੋਗ ਨਾਲ ਇਸ ਰੋਟੇਸ਼ਨ ਪ੍ਰੋਗਰਾਮ ਨੂੰ ਪਹਿਲ ਦੇ ਅਧਾਰ ਤੇ ਲਾਗੂ ਕਰਵਾਉਣਗੇ। ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਾਰਜਕਾਰੀ ਇੰਜੀਨੀਅਰ ,ਅਬੋਹਰ ਨਹਿਰ ਅਤੇ ਗਰਾਉਂਡ ਮੰਡਲ, ਅਬੋਹਰ ਦੁਆਰਾ ਪੱਤਰ ਨੰਬਰ 8390 ਮਿਤੀ 27/08/2023 ਰਾਂਹੀ ਜਾਰੀ ਕੀਤੀ ਵਾਰਾਬੰਦੀ ਪ੍ਰੋਗਰਾਮ ਵਿੱਚ ਕੋਈ ਬਦਲਾਵ ਕੀਤਾ ਜਾਂਦਾ ਹੈ ਜਾ ਉਨ੍ਹਾਂ ਵੱਲੋਂ ਪਾਣੀ ਦੀ ਡਿਮਾਂਡ ਘੱਟਣ ਬਾਰੇ ਸੂਚਿਤ ਕੀਤਾ ਜਾਂਦਾ ਹੈ ਤਾਂ ਉਸ ਅਨੁਸਾਰ ਉਪਲੱਬਧ ਪਾਣੀ ਦੀ ਸਪਲਾਈ ਬੰਦ ਪਏ ਰਜਬਾਹੇ ਵਿੱਚ ਪਾਸ ਕੀਤੀ ਜਾਵੇਗੀ।

ਕਾਰਜਕਾਰੀ ਇੰਜੀਨੀਅਰ,
ਹਰੀਕੇ ਨਹਿਰ ਮੰਡਲ,
ਜਲ ਸਰੋਤ ਵਿਭਾਗ,
ਫਿਰੋਜਪੁਰ।

ਕਾਪੀ:- ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ:-

1. ਮੁੱਖ ਇੰਜੀਨੀਅਰ/ਨਹਿਰਾਂ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
2. ਨਿਗਰਾਨ ਇੰਜੀਨੀਅਰ, ਫਿਰੋਜਪੁਰ ਕੈਨਾਲ ਸਰਕਲ, ਜਲ ਸਰੋਤ ਵਿਭਾਗ, ਫਿਰੋਜਪੁਰ।
3. ਡਿਪਟੀ ਕਮਿਸ਼ਨਰ, ਫਿਰੋਜਪੁਰ।
4. ਡਿਪਟੀ ਕਮਿਸ਼ਨਰ, ਫਰੀਦਕੋਟ।
5. ਡਿਪਟੀ ਕਮਿਸ਼ਨਰ, ਸ਼੍ਰੀ ਮੁਕਤਸਰ ਸਾਹਿਬ।
6. ਕਾਰਜਕਾਰੀ ਇੰਜੀਨੀਅਰ ,ਅਬੋਹਰ ਨਹਿਰ ਅਤੇ ਗਰਾਉਂਡ ਮੰਡਲ, ਅਬੋਹਰ।
7. ਇੰਨਚਾਰਜ਼/ਕੰਪਿਊਟਰ ਸੈਲ, ਮੁੱਖ ਦਫਤਰ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
8. ਹੈਡ ਸਿੰਗਨੈਲਰ, ਫਿਰੋਜਪੁਰ ਨਹਿਰ ਹਲਕਾ, ਫਿਰੋਜਪੁਰ।

D:\DRAWING BRANCH\rishab\Harike canal division\Xen to misc\SDO Letter file\XEN to SDO Letter.docx

Scanned with CamScanner